International Journal of Information Movement Vol.5 Issue III (July 2020)
Website: www.ijim.in ISSN: 2456-0553 (online) Pages 22-27

# ਸਮਾਜਿਕ ਬਣਤਰ ਤੇ ਗੁਰਮਤਿ

**ਡਾ. ਸੁਖਵਿੰਦਰ ਸਿੰਘ**

**ਸਰਕਾਰੀ ਕਾਲਜ ਲੜਕੀਆਂ,**

**ਭੌਡੀਆ ਖੇੜਾ, ਫਤਿਹਾਬਾਦ**

**Email:** professor.sukhwinder@gmail.com

ਨਾਥ ਜੋਗੀਆਂ ਨੇ ਸਿੱਧਾਂ ਦੇ ਉਲਟ ਚਿੱਤ-ਬਿਰਤੀਆਂ ਦੇ ਨਿਰੋਧ ਦਾ ਸੰਕਲਪ ਸਾਮਣੇ ਲਿਆਂਦਾ। ਉਨ੍ਹਾਂ ਨੇ ਸਰੀਰ, ਮਨ ਅਤੇ ਪ੍ਰਾਣ ਸਾਧਨਾ ਦਾ ਮਾਰਗ ਪ੍ਰਸਤੁਤ ਕੀਤਾ ਜਿਸ ਦੇ ਪਿਛੋਕੜ ਵਿਚ ਕਾਇਆ-ਤੀਰਥਾਂ ਦਾ ਸੰਕਲਪ ਹੀ ਕਾਰਜਸ਼ੀਲ ਹੈ। ਨਾਥਜੋਗੀਆਂ ਨੇ ਮਾਨਵ ਸਰੀਰ ਦੀ ਰੂਪ-ਰਚਨਾ ਨੂੰ ਛੇ ਨਾੜੀ-ਚੱਕਰਾਂ ਦੀ ਸੰਕਲਪਨਾ ਰਾਹੀਂ ਸਮਝਣ ਅਤੇ ਸਮਝਾਉਣ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਅਨੁਸਾਰ ਰੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ ਉੱਤੇ ਮੂਲਾਧਾਰ ਚੱਕਰ ਸਥਿਤ ਹੈ ਜਿਸ ਵਿਚ ਕੁੰਡਲਨੀ ਸ਼ਕਤੀ ਦਾ ਨਿਵਾਸ ਹੈ। ਸਾਧਾਰਣ ਹਾਲਤ ਵਿਚ ਇਹ ਕੁੰਡਲਨੀ ਸ਼ਕਤੀ ਸੁੱਤੀ ਰਹਿੰਦੀ ਹੈ ਜਿਸਨੂੰ ਜੋਗੀ ਆਪਣੀ ਸਾਧਨਾ ਰਾਹੀਂ ਜਗਾ ਕੇ ਬ੍ਰਹਮਰੰਧਰ ਤਕ ਲੈ ਜਾਂਦਾ ਹੈ ਜੋ ਖੋਪੜੀ ਦੇ ਉਪਰਲੇ ਹਿੱਸੇ ਵਿਚ ਸਥਿਤ ਹੈ।[i] ਨਾਥ ਜੋਗੀਆਂ ਦਾ ਇਹ ਸਰੀਰ-ਮਨ-ਪਾਣ ਸਾਧਨਾ ਮਾਰਗ ਉਦਾਸੀ ਜੀਵਨ-ਵਿਧੀ ਅਤੇ ਵੈਰਾਗ ਨੂੰ ਸਥਾਪਿਤ ਕਰਦਾ ਹੈ।

ਨਾਥਬਾਣੀ ਦੀ ਰਚਨਾ ਵਧੇਰੇ ਸ਼ਲੋਕਾਂ, ਸ਼ਬਦਾਂ, ਪਦਿਆਂ ਜਾਂ ਦੋਹਿਆਂ ਦੇ ਰੂਪ ਵਿਚ ਸਾਮਣੇ ਆਉਂਦੀ ਹੈ। ਇਹ ਸਾਰੇ ਹੀ ਕਾਵਰੂਪ ਬੁਨਿਆਦੀ ਤੌਰ ਤੇ ਉਪਦੇਸ਼ਾਤਮਕ ਹਨ। ਨਾਥਜੋਗੀਆਂ ਨੇ ਸਿੱਧਾਂ ਦੀ ਵਿਕਾਰ-ਸਤ ਭੋਗ-ਸਾਧਨਾ ਦਾ ਵਿਰੋਧ ਕਰਦਿਆਂ ਨਾਰੀ ਨਿੰਦਿਆਦਾਨਵਾਂ ਸੰਦਰਭ ਖੋਲ ਦਿੱਤਾ। ਗੋਰਖਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਇਸੇ ਤੱਥ ਨੂੰ ਪ੍ਰਮਾਣਿਤ ਕਰਦੀਆਂ ਹਨ :

ਦਾਮ ਕਾਢ ਬਾਘਣ ਲੈ ਆਇਆ।
ਮਾਊ ਕਹੈ ਮੇਰਾ ਪੂਤ ਵਿਆਹਿਆ।

(ਗੋਰਖ ਬਾਣੀ)

ਅਸਲ ਵਿਚ ਨਾਥ ਜੋਗੀਆਂ ਦੀ ਪੁਰਖ-ਪ੍ਰਧਾਨ ਵਿਸ਼ਵ-ਦ੍ਰਿਸ਼ਟੀ ਅਤੇ ਸਾਧਨਾ ਕਾਰਣ ਇਸ ਕਿਸਮ ਦਾ ਨਾਰੀ-ਵਿਰੋਧੀ ਸੁਰ ਆਮ ਸੁਣਾਈ ਦਿੰਦਾ ਹੈ ਸਿੱਧਬਾਣੀ ਦੇ ਪ੍ਰਤਿਕਰਮ ਵਜੋਂ ਉਪਜਿਆ ਇਹ ਸੁਰ ਨਾਥਬਾਣੀ ਦੇ ਕਾਵਿਸ਼ਾਸਤਰ ਦਾ ਮਹੱਤਵਪੂਰਣ ਪਹਿਲੂ ਹੈ। ਜੇ ਸਿੱਧ ਨਾਰੀ ਨੂੰ ਆਪਣੀ ਅਧਿਆਤਮ-ਸਾਧਨਾ ਦਾ ਲਾਜ਼ਮੀ ਅੰਗ ਬਣਾਉਂਦੇ ਹਨ ਤਾਂ ਨਾਥਜੋਗੀ ਨਾਰੀ ਨੂੰ ਅਧਿਆਤਮ-ਸਾਧਨਾ ਦੇ ਮਾਰਗ ਦਾ ਸੱਭ ਤੋਂ ਵੱਡਾ ਵਿਘਨਕਾਰੀ ਤੱਤ ਮੰਨਦੇ ਹਨ।

ਨਾਥ ਜੋਗੀਆਂ ਨੇ ਆਪਣੀ ਬਾਣੀ ਵਿਚ ਬੁੱਧ ਅਤੇ ਸਿੱਧ ਪਰੰਪਰਾ ਦੇ ਅਨੇਕਾਂ ਸੰਕਲਪੀ ਸ਼ਬਦਾਂ ਨੂੰ ਵਰਤਿਆ ਹੈ। ਮਿਸਾਲ ਵਜੋਂ ਸੁੰਨ, ਨਿਰਵਾਣ, ਸਹਿਜ, ਨਾਦ, ਬਿੰਦ, ਅਨਹਦ, ਸੁਰਤਿ, ਸਬਦ ਭਵਸਾਗਰ, ਨਿਰੰਜਨ ਆਦਿ। ਇਹ ਸੰਕਲਪੀ ਸ਼ਬਦਾਵਲੀ ਨਾਥਜੋਗੀਆਂ ਦੀ ਧਰਮ-ਚੇਤਨਾ/ਕਾਵਿ-ਚੇਤਨਾ ਦਾ ਸੰਚਾਰ ਕਰਨ ਲਈ ਢੁਕਵੀਂ ਬਿੰਬਾਵਲੀ ਅਤੇ ਪ੍ਰਤੀਕ-ਵਿਧਾਨ ਪ੍ਰਦਾਨ ਕਰਦੀ ਹੈ। ਪਰ ਇਥੇ ਇਕ ਗੱਲ ਚੇਤੇ ਰੱਖਣੀ ਜ਼ਰੂਰੀ ਹੈ ਕਿ ਨਾਥ ਜੋਗੀਆਂ ਨੇ ਇਸ ਪੂਰਬ-ਪ੍ਰਚੱਲਤ ਸੰਕਲਪੀ ਸ਼ਬਦਾਵਲੀ ਨੂੰ ਆਪਣੀ ਵਿਚਾਰਧਾਰਾ ਅਨੁਸਾਰ ਪੁਨਰ-ਪਰਿਭਾਸ਼ਿਤ ਕਰਨ ਦਾ ਉਪਰਾਲਾ ਵੀ ਕੀਤਾ ਹੈ। ਮਿਸਾਲ ਵਜੋਂ ਜਿੱਥੇ ਸਹਿਜ, ਸਹਿਜਸੁਖ, ਸੁਰਤਿ ਆਦਿ ਸੰਕਲਪਾਂ ਨੂੰ ਸਿੱਧਾਂ ਨੇ ਕਾਮ-ਸੰਬੰਧਾਂ ਦੇ ਸੰਦਰਭ ਵਿਚ ਵਰਤਿਆ ਸੀ ਓਥੇ ਨਾਥ ਜੋਗੀਆਂ ਨੇ ਇਨ੍ਹਾਂ ਨੂੰ ਸਾਧਕ ਦੀ, ਆਪਣੇ ਨਿਜ ਸਰਪ ਵਿਚ ਨਿਵਾਸ ਕਰਨ ਦੀ ਸਥਿਤੀ, ਦੇ ਪ੍ਰਗਟਾਵੇ ਲਈ ਕਰਨ ਦਾ ਉਪਰਾਲਾ ਕੀਤਾ। ਇਸੇ ਤੋਂ ਇਲਾਵਾ ਨਾਥਬਾਣੀ ਵਿੱਚ ਬੁੱਧ ਅਤੇ ਸਿੱਧ ਮਤ ਦੀ ਅਨੀਸ਼ਵਰਵਾਦੀ ਧਾਰਣਾ ਦਾ ਤਿਆਗ ਵੀ ਨਜ਼ਰ ਆਉਂਦਾ ਹੈ। ਬੋਧ ਦਰਸ਼ਨ ਪਾਰਗਾਮੀ ਦੈਵੀ ਸੱਤਾ (ਈਸ਼ਵਰ) ਦੀ ਹੋਂਦ ਬਾਰੇ ਖ਼ਾਮੋਸ਼ ਹੈ। ਇਸ ਵਿਚ ਮਨੁੱਖ ਦੀ ਹੋਂਦ-ਅਵਸਥਾ ਦੇ ਵਿਸ਼ਲੇਸ਼ਣ ਨੂੰ ਹੀ ਜੀਵਨ ਵਿਧੀ ਦਾ ਆਧਾਰ ਬਣਾਇਆ ਗਿਆ ਹੈ। ਬੋਧ ਪਰੰਪਰਾ ਨਾਲ ਸੰਬੰਧਿਤ ਹੋਣ ਕਾਰਣ ਸਿੱਧ ਵੀ ਈਸ਼ਵਰ ਦੇ ਸੰਕਲਪ ਨੂੰ ਆਪਣੇ ਚਿੰਤਨ ਦਾ ਆਧਾਰ

ਨਹੀਂ ਬਣਾਉਂਦੇ। ਪਰ ਨਾਥ ਜੋਗੀ ਸ਼ੈਵ ਪਰੰਪਰਾ ਨਾਲ ਸੰਬੰਧਿਤ ਹੋਣ ਕਾਰਣ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ। ਜਿਵੇਂ, ਨਾਥ ਜੋਗੀਆਂ ਦਾ ਸੰਨ ਤੇ ਨਿਰੰਜਨ ਦਾ ਸੰਕਲਪ ਹਸਤੀ ਤੇ ਹੋਂਦ ਦੇ ਸੁਮੇਲ ਵਲ ਸੰਕੇਤ ਕਰਦਾ ਹੈ। ਅਰਥਾਤ ਇਸ ਵਿਚ ਈਸ਼ਵਰਵਾਦ ਦੇ ਮੁੱਢਲੇ ਲੱਛਣ ਦਿਸ਼ਟੀਗੋਚਰ ਹੁੰਦੇ ਹਨ।[ii] ਸੰਤਬਾਣੀ ਅਤੇ ਗੁਰਬਾਣੀ ਤਕ ਅੱਪੜਦਿਆਂ ਇਹ ਈਸ਼ਵਰਵਾਦੀ ਧਾਰਣਾ ਸਿਖਰ ਤੇ ਪਹੁੰਚ ਜਾਂਦੀ ਹੈ ਅਤੇ ਇਕਈਸ਼ਵਰਵਾਦ (monotheism) ਦੇ ਰੂਪ ਵਿਚ ਪੁਸ਼ਟ ਹੁੰਦੀ ਹੈ।

ਉਪਰੋਤਕ ਚਰਚਾ ਦੀ ਰੌਸ਼ਨੀ ਵਿਚ ਆਖਿਆ ਜਾ ਸਕਦਾ ਹੈ ਕਿ ਨਾਥਬਾਣੀ ਆਪਣੀ ਪੂਰਬਲੀ ਸਾਹਿਤਕ ਪਰੰਪਰਾ ਨਾਲ ਸੰਵਾਦ ਦਾ ਰਿਸ਼ਤਾ ਜੋੜਦੀ ਹੈ ਅਤੇ ਇਸੇ ਦੇ ਤਿ ਉੱਤਰ ਵਜੋਂ ਵਿਕਸਿਤ ਹੁੰਦੀ ਹੈ। ਇਹ ਸਿੱਧਬਾਣੀ ਦੀਆਂ ਕਈ ਸਿੱਧਾਂਤਕ ਅਤੇ ਕਾਵਿਕ ਰੜੀਆਂ ਨੂੰ ਸਹਿਜੇ ਹੀ ਅਪਣਾ ਲੈਂਦੀ ਹੈ ਪਰ ਕਈਆਂ ਨਾਲ ਬਹਿਸ ਵੀ ਕਰਦੀ ਹੈ ਅਤੇ ਉਨ੍ਹਾਂ ਦਾ ਤਿਵਾਦ ਵੀ ਪ੍ਰਸਤੁਤ ਕਰਦੀ ਹੈ। ਇਉਂ ਨਾਥਬਾਣੀ ਚਿੰਤਨ ਅਤੇ ਸਿਰਜਣ ਦੇ ਖੇਤਰ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਲੰਘਦੀ ਹੋਈ ਆਪਣੀ ਵਿਲੱਖਣਤਾ ਨੂੰ ਸਥਾਪਿਤ ਕਰਦੀ ਹੈ। ਨਮੂਨੇ ਵਜੋਂ ਨਾਥਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਹਿੰਦੂ ਧਿਆਵੈ ਦੇਹੁਰਾ, ਮੁਸਲਮਾਨ ਮਸੀਤਾ।
ਜੋਗੀ ਧਿਆਵੈ ਪਰਮਪਦਿ ਜਹਾਂ ਦੇਹੁਰਾ ਨਾ ਮਸੀਤਾ ॥
..... ...... .....
ਜੋ ਘਰ ਤਿਆਗ ਕਹਾਵੈ ਜੋਗੀ ਘਰ ਵਾਸੀ ਕੋ ਕਹੈ ਜੋ ਭੋਗੀ
ਅੰਤਰ ਭਾਵ ਨਾ ਪਰਖੈ ਜੋਈ ਗੋਰਖ ਆਖੈ ਮੂਰਖ ਸੋਈ

(ਗੋਰਖ ਬਾਣੀ)

ਉੱਤਰ-ਪ੍ਰਤਿਉੱਤਰ ਦਾ ਇਹ ਸਿਲਸਿਲਾ ਨਾਥਬਾਣੀ ਤੋਂ ਮਗਰੋਂ ਵਿਕਸਿਤ ਹੋਣ ਵਾਲੀ ਸੰਤਬਾਣੀ ਵਿਚ ਵੀ ਜਾਰੀ ਰਹਿੰਦਾ ਹੈ ਅਤੇ ਇਸੇ ਕਾਰਣ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਵਿਚ ਨਿਰੰਤਰਤਾ ਕਾਇਮ ਰਹਿੰਦੀ ਹੈ। ਸੰਤਬਾਣੀ ਮੱਧਕਾਲੀਨ ਭਗਤੀ ਲਹਿਰ ਦੇ ਅੰਤਰਗਤ ਵਿਕਸਿਤ ਹੋਣ ਵਾਲੀ ਰਚਨਾ ਹੈ। ਇਸ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹੜੇ ਦੈਵੀ ਸੱਦੇ ਨਿਰਗੁਣ ਨਿਰਾਕਾਰ ਸਰੂਪ ਵਿਚ ਆਸਥਾ ਰੱਖਦੇ ਹਨ ਅਤੇ ਅਵਤਾਰਵਾਦ ਦੀ ਧਾਰਣਾ ਨੂੰ ਰੱਦ ਕਰਦੇ ਹਨ। ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਕਵੀਆਂ ਵਿਚ ਨਾਮਦੇਵ, ਕਬੀਰ, ਰਵਿਦਾਸ, ਧੰਨਾ, ਤਿਰਲੋਚਨ, ਸੈਣ ਅਤੇ ਪੀਪਾ ਅਦਿ ਦਾ ਨਾਮ ਲਿਆ ਜਾ ਸਕਦਾ ਹੈ।

ਸਿੱਧਾਂਤਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਸੰਤਬਾਣੀ ਸਿੱਧਾਂ ਅਤੇ ਨਾਥਾਂ ਦੀ ਜੀਵਨ-ਵਿਧੀ ਵਿਚ ਸੰਵਾਦ ਜਾਂ ਸੁਮੇਲ ਸਥਾਪਿਤ ਕਰਨ ਦਾ ਉਪਰਾਲਾ ਕਰਦੀ ਹੈ। ਸਿੱਧ ਅਤੇ ਨਾਥ ਦੋਵੇਂ ਹੀ ਜੀਵਨ-ਵਿਧੀ ਦੇ ਪਰਸਪਰ ਵਿਰੋਧੀ ਸਿਰਿਆਂ ਉੱਪਰ ਖਲੋਤੇ ਦਿਖਾਈ ਦਿੰਦੇ ਹਨ। ਅਰਥਾਤ ਇਨ੍ਹਾਂ ਦੋਹਾਂ ਦੀ ਜੀਵਨ-ਵਿਧੀ ਵਿਚ ਧਰੁਵੀ ਅੰਤਰ ਹੈ ਕਿਉਂ ਜੋ ਨਾਥਬਾਣੀ ਨੇ ਮਹਾਰਾਗ ਦੇ ਵਿਰੋਧ ਵਿਚ ਵੈਰਾਗ ਅਤੇ ਗ੍ਰਹਿਸਤੀ ਜੀਵਨ ਦੇ ਮੁਕਾਬਲੇ ਉੱਤੇ ਉਦਾਸੀ ਜੀਵਨ ਨੂੰ ਤਰਜੀਹ ਦਿੱਤੀ ਸੀ। ਸੰਤਬਾਣੀ ਨੇ ਪ੍ਰਵਿਰਤੀ ਮਾਰਗ ਅਤੇ ਨਿਵਿਰਤੀ ਮਾਰਗ ਵਿਚਕਾਰ ਸੁਮੇਲ ਸਥਾਪਿਤ ਕਰਦਿਆ ਵਿਰਤ-ਨਿਵਿਰਤ ਦਾ ਸੰਕਲਪ ਪੇਸ਼ ਕੀਤਾ ਜਿਸਦਾ ਅਰਥ ਇਹ ਹੈ ਕਿ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਉਸ ਨਾਲ ਇਕ ਤਰ੍ਹਾਂ ਦੀ ਮਾਨਸਿਕ ਦੂਰੀ ਸਥਾਪਿਤ ਕਰਨੀ ਚਾਹੀਦੀ ਹੈ ਅਤੇ ਗ੍ਰਹਿਸਤ ਵਿਚ ਰਹਿੰਦਿਆਂ ਉਦਾਸੀਆਂ ਵਾਂਗ ਵਿਚਰਨਾ ਚਾਹੀਦਾ ਹੈ। ਸੰਤਬਾਣੀ ਦੀ ਇਹ ਧਾਰਣਾ ਗੁਰਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਹੋਰ ਵੀ ਵਧੇਰੇ ਉੱਘੜਵੇਂ ਰੂਪ ਵਿਚ ਪੇਸ਼ ਹੁੰਦੀ ਹੈ। ਇਸ ਤਰ੍ਹਾਂ ਸੰਤਬਾਣੀ/ਗੁਰਬਾਣੀ ਨੇ ਹਿਸਤੀ/ਉਦਾਸੀ ਦੇ ਧਰੁਵੀ ਅੰਤਰ ਨੂੰ ਮਿਟਾਉਂਦਿਆਂ ਵਿਚੇ ਗ੍ਰਿਹ ਸਦਾ ਰਹੈ ਉਦਾਸੀਂ ਦਾ ਨਵਾਂ ਸੰਕਲਪ ਪੇਸ਼ ਕੀਤਾ ਜੋ ਦੋਹਾਂ ਦੀ ਸੰਵਾਦੀ ਸਥਿਤੀ ਦਾ ਸੂਚਕ ਹੈ।[iii] ਇਸਦੀ ਸੱਭ ਤੋਂ ਉੱਘੜਵੀਂ ਮਿਸਾਲ ਗੁਰੂ ਨਾਨਕ ਦੇਵ ਰਚਿਤ ਸਿੱਧ ਗੋਸਟਿ ਰਚਨਾ ਵਿਚ ਦੇਖੀ ਜਾ ਸਕਦੀ ਹੈ। ਗੁਰੂ ਕਵੀ ਨੇ ਨਾਥਜੋਗੀਆਂ ਦੀ ਵਿਚਾਰਧਾਰਾ ਅਤੇ ਜੀਵਨ-ਜੁਗਤ ਨਾਲ ਸੰਵਾਦ ਰਚਾਉਂਦਿਆਂ ਇਸੇ ਕਿਸਮ ਦੀ ਨਿਰਲੇਪ ਜੀਵਨ-ਜੁਗਤ ਦਾ ਬਿੰਬ ਨਿਮਨ-ਅੰਕਿਤ ਪੰਗਤੀਆਂ ਵਿਚ ਮੂਰਤੀਮਾਨ ਕੀਤਾ ਹੈ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥

(ਗੁਰੂ ਗ੍ਰੰਥ ਸਾਹਿਬ, ਪੰਨਾ-੯੩੮)

ਜਿਸ ਤਰ੍ਹਾਂ ਕੰਵਲ ਦਾ ਫੁੱਲ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਦੇ ਪ੍ਰਭਾਵ ਤੋਂ ਮੁਕਤ ਰਹਿੰਦਾ ਹੈ ਅਤੇ ਮੁਰਗਾਬੀ ਦੇ ਖੰਭਾਂ ਉੱਤੇ ਨਦੀ ਦੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ। ਉਹ ਪਾਣੀ ਵਿਚੋਂ ਨਿਕਲਦੀ ਹੋਈ ਸਿੱਧੀ ਹਵਾ ਵਿਚ ਉਡਾਰੀ ਮਾਰ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖ ਵੀ ਸੰਸਾਰ ਵਿਚ ਰਹਿੰਦਿਆਂ ਨਿਰਲਿਪਤ ਭਾਵਨਾ ਨਾਲ ਜਿਉਂ ਸਕਦਾ ਹੈ। ਜਦੋਂ ਅਸੀਂ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਦੇ ਉਪਰੋਕਤ ਪ੍ਰਸੰਗ ਵਿਚ ਗੁਰਬਾਣੀ ਦੀ ਇਸ ਜੀਵਨ-ਜੁਗਤ ਨੂੰ ਵਾਚਦੇ ਹਾਂ ਤਾਂ ਸਾਨੂੰ ਇਸਦੇ ਸਿੱਧਾਂਤਕ ਸੋਮਿਆਂ ਦਾ ਗਿਆਨ ਵੀ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਕਾਵਿਧਾਰਾ ਦੇ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਨਾਲ ਸੰਬੰਧਿਤ ਹੋਣ ਦਾ ਪ੍ਰਮਾਣ ਇਸ ਗੱਲ ਤੋਂ ਵੀ ਮਿਲ ਜਾਂਦਾ ਹੈ ਕਿ ਇਹ ਕਾਵਿ ਵਿਰਤੀ ਆਪਣੀ ਪੂਰਬਵਰਤੀ ਪਰੰਪਰਾ ਵਾਂਗ ਬਾਹਮਣਵਾਦੀ ਕਰਮਕਾਂਡ ਅਤੇ ਮਨੂੰਵਾਦੀ ਜਾਤੀ-ਪ੍ਰਥਾ ਨੂੰ ਰੱਦ ਕਰਦੀ ਹੈ। ਇਸਤੋਂ ਇਲਾਵਾ ਇਹ ਉਪਰੋਕਤ ਪਰੰਪਰਾ ਦੀ ਸੰਕਲਪੀ ਸ਼ਬਦਾਵਲੀ ਨੂੰ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਮਿਸਾਲ ਵਜੋਂ ਗੁਰਮੁਖ, ਸੰਨ, ਸਹਿਜ ਨਿਰੰਜਨ, ਨਿਰਵਾਣ, ਨਾਦ, ਬਿੰਦ, ਸਬਦ, ਸੁਰਤਿ ਆਦਿ। ਗੁਰਬਾਣੀ ਜੋ ਬਹਿਮੰਡੇ ਈ ਪਿੰਡੇ ਦੀ ਧਾਰਣਾ ਵਿਕਸਿਤ ਕਰਦਿਆਂ ਕਾਇਆ-ਤੀਰਥ ਦੀ ਸੰਕਲਪਨਾ ਨੂੰ ਹੋਰ ਪੇਰਾ ਕਰ ਦਿੰਦੀ ਹੈ।[iv] ਗੁਰਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੇ ਇਨ੍ਹਾਂ ਸੰਕਲਪੀ ਸ਼ਬਦਾਂ ਨੂੰ ਵਿਚਾਰਧਾਰਾ ਵਿਚ ਹੋ ਰਹੇ ਪਰਿਵਰਤਨ ਦੀ ਰੌਸ਼ਨੀ ਵਿਚ ਨਵੇਂ ਸਿਰਿਉਂ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਸੁੰਨ-ਨਿਰੰਜਨ ਵਰਗੇ ਅਨੀਸ਼ਵਰਵਾਦੀ ਸੰਕਲਪ ਨਿਰਗੁਣ-ਨਿਰਾਕਾਰ ਬ੍ਰਹਮ ਜਾਂ ਈਸ਼ਵਰ ਦੇ ਲਖਾਇਕ ਹੋ ਨਿਬੜਦੇ ਹਨ।

**ਭਗਤੀ ਕਾਵਿ ਦੀ ਪਰੰਪਰਾ** :

ਜਿਹਾ ਕਿ ਅਸੀਂ ਪਹਿਲਾਂ ਵੀ ਸੰਕੇਤ ਕੀਤਾ ਹੈ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਤੋਂ ਇਲਾਵਾ ਗੁਰਬਾਣੀ ਦੇ ਅਧਿਆਤਮਕ ਸੋਮਿਆਂ ਵਿਚ ਭਗਤੀ ਲਹਿਰ ਦਾ ਵੀ ਮਹੱਤਵਪੂਰਣ ਯੋਗਦਾਨ ਹੈ। ਦੇਖਣਾ ਇਹ ਹੈ ਕਿ ਭਗਤੀ ਕਾਵਿ ਨੇ ਬਾਣੀਕਾਰਾਂ ਦੀ ਕਾਵਿ-ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ਅਤੇ ਉਸਦਾ ਗੁਰਮਤਿ ਕਾਵਿ ਦੇ ਉਦਭਵ ਅਤੇ ਵਿਕਾਸ ਵਿਚ ਕੀ ਯੋਗਦਾਨ ਹੈ? ਇਸ ਮੰਤਵ ਲਈ ਸੱਭ ਤੋਂ ਪਹਿਲਾਂ ਭਗਤੀ ਮਾਰਗ ਦੇ ਸੰਕਲਪ ਅਤੇ ਸਰੂਪ ਬਾਰੇ ਗੱਲ ਕਰਨੀ ਉਚਿਤ ਜਾਪਦੀ ਹੈ।

ਭਾਰਤੀ ਸਭਿਆਚਾਰ ਵਿਚ ਭਗਤੀ ਲਹਿਰ ਦਾ ਆਰੰਭ ਦੱਖਣ ਦੇ ਦਾਵਿੜ ਦੇਸ਼ ਵਿਚ ਹੋਇਆ ਮੰਨਿਆਂ ਜਾਂਦਾ ਹੈ। ਇਸ ਗੱਲ ਦਾ ਪ੍ਰਗਟਾਵਾ ਇਕ ਬਹੁ-ਪ੍ਰਚੱਲਤ ਰਵਾਇਤ ਅਨੁਸਾਰ ਨਿਮਨ-ਅੰਕਿਤ ਪੰਗਤੀਆਂ ਵਿਚ ਕੀਤਾ ਗਿਆ ਹੈ :

ਭਗਤੀ ਦ੍ਰਾਵਿੜ ਉਪਜੀ ਲਾਏ ਰਾਮਾਨੰਦ
ਪ੍ਰਗਟ ਕੀਆ ਕਬੀਰ ਨੇ ਸਪਤ ਦੀਪ ਨਵਖੰਡ।

ਭਾਰਤ ਵਿਚ ਭਗਤੀ ਨੂੰ ਧਰਮ ਸਾਧਨਾ ਦੇ ਇਕ ਵਿਲੱਖਣ ਮਾਰਗ ਦੇ ਤੌਰ ਤੇ ਸਰਬ-ਭਾਰਤੀ ਮਹੱਤਵ ਵਾਲੇ 'ਭਾਗਵਤ ਧਰਮ ਦਾ ਅੰਗ ਸਵੀਕਾਰ ਕੀਤਾ ਜਾਂਦਾ ਹੈ। ਸਾਹਿਤ ਕੋਸ਼ ਵਿਚ ਇਸ ਬਾਰੇ ਉਲੇਖ ਕਰਦਿਆਂ ਆਖਿਆ ਗਿਆ ਹੈ- "ਭਾਗਵਤ ਧਰਮ ਨੂੰ ਭਗਤੀ ਮਾਰਗ ਦੀ ਪ੍ਰਮੁੱਖ ਸੰਪ੍ਰਦਾਇ ਵਜੋਂ ਮੰਨਿਆਂ ਜਾਂਦਾ ਹੈ, ਜਿਸਦਾ ਆਰੰਭ ਈਸਾ ਤੋਂ 1900 ਸਾਲ ਪਹਿਲਾਂ ਅਨੁਮਾਨਿਤ ਕੀਤਾ ਗਿਆ ਹੈ। ਪੰ. ਪਰਸ਼ੂ ਰਾਮ ਚਤੁਰਵੇਦੀ ਨੇ ਉੱਤਰੀ ਭਾਰਤ ਕੀ ਸੰਤ ਪਰੰਪਰਾ ਦਾ ਦਾਰਸ਼ਨਿਕ ਪਿਛੋਕੜ ਦਰਸਾਉਂਦੇ ਹੋਇਆਂ ਭਗਤੀ ਸਾਧਨਾ ਦਾ ਮੁੱਢ ਬਿਕ੍ਰਮੀ ਸੰਮਤ ਦੇ ਪੂਰਵ ਤੀਸਰੀ ਸ਼ਤਾਬਦੀ ਵਿਚ ਚੂੰਡਿਆ ਹੈ ਜਦੋਂ ਵਾਸੁਦੇਵ ਕ੍ਰਿਸ਼ਣ ਦੇ ਨਾਮ ਨਾਲ ਵਾਸੁਦੇਵ ਧਰਮ ਅਥਵਾ 'ਭਾਗਵਤ ਧਰਮ ਦਾ ਆਰੰਭ ਹੋਇਆ।.. ਹਿੰਦੀ ਸਾਹਿਤ ਦਾ ਪੂਰਵ ਮੱਧਕਾਲ ਹੀ ਭਗਤੀ ਕਾਲ ਹੈ ਜੋ ਅੱਗੋਂ ਚਾਰ ਪ੍ਰਮੁੱਖ ਸ਼ਾਖਾਵਾਂ ਵਿਚ ਵੰਡਿਆ ਹੋਇਆ ਹੈ-ਨਿਰਗੁਣ ਗਿਆਨ ਮਾਰਗੀ ਭਗਤੀ, ਨਿਰਗੁਣ ਪ੍ਰੇਮ ਮਾਰਗੀ ਭਗਤੀ, ਸਗੁਣ ਰਾਮ ਭਗਤੀ ਅਤੇ ਸਗੁਣ ਕ੍ਰਿਸ਼ਣ ਭਗਤੀ। ਇਨ੍ਹਾਂ ਚੌਹਾਂ ਸ਼ਾਖਾਵਾਂ ਦੇ ਪ੍ਰਮੁੱਖ ਕਵੀ ਕਬੀਰ, ਰਵਿਦਾਸ, ਗੁਰੂ

ਨਾਨਕ, ਦਾਦੂ ਦਿਆਲ, ਸੁੰਦਰ ਦਾਸ, ਮਲੂਕ ਦਾਸ, ਜਾਇਸੀ, ਰਾਮਾਨੰਦ, ਸੂਰਦਾਸ, ਮੀਰਾਬਾਈ, ਤੁਲਸੀ ਦਾਸ, ਅਸ਼ਟ ਛਾਪ ਦੇ ਕਵੀ ਅਦਿ ਹਨ, ਜੋ ਆਪਣੇ ਆਪਣੇ ਵਕਤ ਦੇ ਭਗਤ ਹੋਏ ਹਨ ਅਤੇ ਜਿਨ੍ਹਾਂ ਨੂੰ ਆਪਣੀ ਆਪਣੀ ਸੰਪ੍ਰਦਾਇ ਵਾਲਿਆਂ ਨੇ ਧਰਮ ਪ੍ਰਵਰਤਕ ਦੇ ਤੌਰ ਤੇ ਅਪਣਾਇਆ ਹੈ।

ਅਸਲ ਵਿਚ ਭਗਤੀ ਮਾਰਗ ਦੇ ਦੋ ਹੀ ਮੁੱਖ ਭੇਦ ਹਨ-ਸਗੁਣ ਭਗਤੀ ਅਤੇ ਨਿਰਗੁਣ ਭਗਤੀ। ਸਗੁਣ ਭਗਤੀ ਦਾ ਆਧਾਰ ਅਵਤਾਰਵਾਦ ਦੀ ਧਾਰਣਾ ਉਪਰ ਹੈ। ਇਸਦੇ ਅੰਤਰਗਤ ਹੀ ਰਾਮ ਭਗਤੀ ਅਤੇ ਕ੍ਰਿਸ਼ਣ ਭਗਤੀ ਦੀਆਂ ਪ੍ਰਮੁੱਖ ਸ਼ਾਖਾਵਾਂ ਵਿਕਸਿਤ ਹੋਇਆਂ ਹਨ। ਇਸਤੋਂ ਉਲਟ ਨਿਰਗੁਣ ਭਗਤੀ ਅਵਤਾਰਵਾਦ ਦੇ ਸਿੱਧਾਂਤ ਦਾ ਖੰਡਨ ਕਰਦੀ ਹੈ ਅਤੇ ਨਿਰਗੁਣ, ਨਿਰਾਕਰ ਅਤੇ ਅਰੂਪ ਬ੍ਰਹਮ ਦੀ ਆਰਾਧਨਾ ਦਾ ਤਸੱਵਰ ਪੇਸ਼ ਕਰਦੀ ਹੈ। ਸੰਤਬਾਣੀ ਦਾ ਸੰਬੰਧ ਇਸੇ ਨਿਰਗੁਣ ਭਗਤੀ ਮਾਰਗ ਨਾਲ ਹੈ।[v] ਡਾ.ਵਿਜੇਂਦਰ ਸਨਾਤਕ ਨੇ ਭਗਤ ਕਬੀਰ ਨੂੰ ਨਿਰਗੁਣ ਭਗਤੀ ਦੇ ਪ੍ਰਵਰਤਕਾਂ ਵਿਚ ਪ੍ਰਮੁੱਖ ਸਥਾਨ ਦਿੱਤਾ ਹੈ। ਨਿਰਗੁਣ ਧਾਰਾ ਦੇ ਇਨ੍ਹਾਂ ਕਵੀਆਂ ਦੀ ਦ੍ਰਿਸ਼ਟੀ ਨਿਰਗੁਣ, ਨਿਰਾਕਾਰ ਈਸ਼ਵਰ ਉੱਤੇ ਟਿਕੀ ਰਹਿੰਦੀ ਸੀ। ਇਸੇ ਲਈ ਇਨ੍ਹਾਂ ਦੀ ਭਗਤੀ ਨੂੰ ਨਿਰਗੁਣਵਾਦ ਨਾਲ ਇਕਮਿਕ ਮੰਨਿਆਂ ਜਾਂਦਾ ਹੈ। ਨਿਰਗੁਣ ਭਗਤੀ ਦਾ ਮੂਰਤੀ ਪੂਜਾ ਅਤੇ ਅਵਤਾਰਵਾਦ ਦੇ ਸਿੱਧਾਂਤ ਨੂੰ ਰੱਦ ਕਰ ਦੇਣਾ ਉਸਦੇ ਗਿਆਨ ਮਾਰਗ ਨਾਲ ਸੰਬੰਧਿਤ ਹੋਣ ਦਾ ਵੀ ਪ੍ਰਮਾਣ ਹੈ ਕਿਉਂ ਜੋ ਆਕਾਰ ਰਹਿਤ ਦੈਵੀ-ਸੱਤਾ ਦਾ ਸੰਕਲਪ ਨਿਰੋਲ ਭਾਵੁਕ ਰਿਸ਼ਤੇ ਉਤਸਾਹਿਤ ਨਹੀਂ ਕਰਦਾ ਸਗੋਂ ਚਿੰਤਨ ਅਤੇ ਚੇਤਨਾ ਦੇ ਮਹੱਤਵ ਨੂੰ ਵੀ ਉਜਾਗਰ ਕਰਦਾ ਹੈ। ਭਗਤੀ ਅਤੇ ਗਿਆਨ ਦੇ ਸੁਮੇਲ ਦੀ ਭਾਵਨਾ ਨੂੰ ਮੂਰਤੀਮਾਨ ਕਰਨ ਵਾਲੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥
ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥
ਬੇਧੀਅਲੇ ਗੋਪਾਲ ਗੁਸਾਈ ॥
ਮੇਰਾ ਪ੍ਰਭੁ ਰਵਿਆ ਸਰਬ ਠਾਈ ॥੧॥ ਰਹਾਉ ॥
ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਜਾਨੀਐ ਭਾਉ ਭਗਤਿ ਭਗਵਾਨ ॥ ੨ ॥
ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥ ੩ ॥
ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥
ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥ ੪ ॥

(ਗੁਰੂ ਗ੍ਰੰਥ ਸਾਹਿਬ, ਪੰਨਾ-੧੩੫੦-੫੧)

ਨਿਰਗੁਣ ਭਗਤੀ ਨੇ ਅਦਵੈਤ ਵੇਦਾਂਤ ਦੇ ਦਾਰਸ਼ਨਿਕ ਸੰਕਲਪਾਂ ਦੀ ਵਰਤੋਂ ਵੀ ਕੀਤੀ ਹੈ ਜੋ ਇਸਦੀ ਵੈਦਿਕ ਪਰੰਪਰਾ ਨਾਲ ਸਾਂਝ ਦੀ ਲਖਾਇਕ ਹੈ। ਬ੍ਰਹਮ, ਪਾਰਬ੍ਰਹਮ, ਮਾਇਆ, ਮੁੱਖ-ਮੁਕਤ, ਜੀਵ, ਜਗਤ, ਇਸੇ ਦਾਰਸ਼ਨਿਕ ਪਰੰਪਰਾ ਦੇ ਸੰਕਲਪ ਹਨ ਜਿਨਾਂ ਦੀ ਵਿਆਪਕ ਵਰਤੋਂ ਰਾਹੀਂ ਬਾਣੀਕਾਰਾਂ ਨੇ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ ਹੈ। ਇਉਂ ਗੁਰਮਤਿ ਕਾਵਿ-ਪਰੰਪਰਾ ਵਿਚਲਾ ਇਹ ਤੱਤ ਉਸਨੂੰ ਵੈਦਿਕ ਪਰੰਪਰਾ ਦੇ ਵੀ ਨੇੜੇ ਲੈ ਜਾਂਦਾ ਹੈ ਅਤੇ ਚਿੰਤਨ ਦੇ ਖੇਤਰ ਵਿਚ ਉੱਭਰ ਰਹੀ ਸੁਮੇਲ ਅਤੇ ਸੰਵਾਦ ਦੀ ਭਾਵਨਾ ਦਾ ਪ੍ਰਮਾਣ ਪੇਸ਼ ਕਰਦਾ ਹੈ।

**ਸਾਮੀ ਤੇ ਇਸਲਾਮੀ ਪਰੰਪਰਾ** :

ਇਨ੍ਹਾਂ ਵੈਦਿਕ ਅਤੇ ਅਵੈਦਿਕ ਚਿੰਤਨ ਲਹਿਰਾਂ ਤੋਂ ਇਲਾਵਾ ਗੁਰਮਤਿ-ਕਾਵਿ ਨੂੰ ਪ੍ਰਭਾਵਿਤ ਕਰਨ ਵਾਲਾ ਇਕ ਹੋਰ ਸੋਮਾ ਵੀ ਹੈ ਜਿਸਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਸੋਮਾ ਹੈ-ਇਸਲਾਮੀ ਜਾਂ ਸਾਮੀ ਸਭਿਆਚਾਰ ਅਸਲ ਵਿਚ ਭਗਤੀ ਲਹਿਰ ਦੇ ਉਦਭਵ ਕਾਲ ਵਿਚ ਹੀ ਇਸਲਾਮੀ ਪ੍ਰਭਾਵ ਦੇ ਤੇਜ਼ੀ ਨਾਲ ਪਨਪਣ ਦੇ ਪ੍ਰਮਾਣ ਮਿਲਦੇ ਹਨ। ਪੰਜਾਬ ਅਤੇ ਭਾਰਤ ਵਿਚ ਇਸਲਾਮ ਦੇ ਨਾਲ ਨਾਲ ਇਕ ਵੱਖਰੇ ਸਭਿਆਚਾਰ ਨੇ ਪਵੇਸ਼ ਕੀਤਾ।[vi] ਇਸਨੂੰ ਸਾਮੀ ਸਭਿਆਚਾਰ ਦਾ ਨਾਮ ਦਿੱਤਾ ਜਾਂਦਾ ਹੈ ਜਿਸ ਵਿਚ ਤਿੰਨ ਸੰਸਾਰ-ਸਿੱਧ ਧਰਮਾਂ ਦਾ ਵਿਰਸਾ ਛੁਪਿਆ ਹੋਇਆ ਹੈ-

ਯਹੂਦੀ ਧਰਮ, ਈਸਾਈ ਧਰਮ ਅਤੇ ਇਸਲਾਮ। ਪਹਿਲੋਂ ਪਹਿਲ ਮੁਸਲਿਮ ਹਾਕਮਾਂ ਦੀ ਕੱਟੜ ਮਜ਼ਬੀ ਨੀਤੀ ਕਾਰਣ ਓਪਰੇ ਅਤੇ ਦੇਸੀ, ਦੋਹਾਂ ਸਭਿਆਚਾਰਾਂ ਵਿਚਕਾਰ ਟਕਰਾਉ ਅਤੇ ਤਣਾਉ ਦੀ ਸਥਿਤੀ ਬਣੀ ਰਹੀ ਜਿਸ ਕਾਰਣ ਗ਼ੈਰ-ਮੁਸਲਿਮ ਪਰਜਾ ਨੂੰ ਅਨੇਕਾਂ ਤਸੀਹੇ ਝਲਣੇ ਪਏ। ਪਰ ਸਮਾ ਪਾ ਕੇ ਦੋਹਾਂ ਧਰਮ-ਸਭਿਆਚਾਰਾਂ ਵਿਚਕਾਰ ਪਰਸਪਰ ਸੰਵਾਦ ਅਤੇ ਸੁਮੇਲ ਦੀ ਭਾਵਨਾ ਵੀ ਉਭਰ ਆਈ। ਇਸ ਭਾਵਨਾ ਨੂੰ ਉੱਭਾਰਨ ਵਿਚ ਹਿੰਦੂ ਭਗਤਾਂ ਅਤੇ ਮੁਲਿਮ ਸੂਫ਼ੀਆਂ ਨੇ ਮਹੱਤਵਪੂਰਣ ਭੂਮਿਕਾ ਨਿਭਾਈ। ਕਈ ਭਾਰਤੀ ਇਤਿਹਾਸਕਾਰਾਂ ਨੇ ਇਸਨੂੰ ਹਿੰਦੂ-ਮੁਸਲਿਮ ਸਮਨਵੈ ਦੀ ਲਹਿਰ ਵੀ ਆਖਿਆ ਹੈ ਜੋ ਕਿਸੇ ਹੱਦ ਤਕ ਠੀਕ ਵੀ ਹੈ। ਪਰ ਤਾਂ ਵੀ ਇਸ ਦੌਰ ਨੂੰ ਸੁਮੇਲ ਅਤੇ ਸੰਵਾਦ ਦਾ ਦੌਰ ਆਖਣਾ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ। ਗੁਰਬਾਣੀ ਜਾਂ ਗੁਰਮਤਿ ਕਾਵਿ ਵਿਚ ਉਪਰੋਕਤ ਭਾਵਨਾ ਦਾ ਬਿਹਤਰੀਨ ਪ੍ਰਗਟਾਵਾ ਸਾਮਣੇ ਆਇਆ ਹੈ। ਸੰਵਾਦ ਅਤੇ ਸੁਮੇਲ ਦੀ ਇਹ ਭਾਵਨਾ ਗੁਰਬਾਣੀ ਦੀ ਵਿਸ਼ੈ-ਵਸਤੂ ਵਿਚ ਪ੍ਰਵੇਸ਼ ਕਰਕੇ ਜਿੱਥੇ ਸਰਬ-ਸਾਂਝੇ ਸਭਿਆਚਾਰ ਦੀ ਬੁਨਿਆਦ ਉਸਾਰਨ ਵਲ ਰੁਚਿਤ ਹੁੰਦੀ ਹੈ ਓਥੇ ਇਹ ਉਸਨੂੰ ਇਕ ਅਜਿਹਾ ਕਾਵਿ-ਮੁਹਾਵਰਾ ਵੀ ਪ੍ਰਦਾਨ ਕਰਦੀ ਹੈ ਜਿਸ ਵਿਚ ਭਾਰਤੀ ਆਰੀਆਈ ਅਤੇ ਸ਼ਾਮੀ-ਇਸਲਾਮੀ ਵਿਰਸੇ ਦੀ ਸੰਕਲਪੀ ਸ਼ਬਦਾਵਲੀ ਦਾ ਮਿਸ਼ਰਣ ਦ੍ਰਿਸ਼ਟੀਗੋਚਰ ਹੁੰਦਾ ਹੈ। ਮਿਸਾਲ ਵਜੋਂ ਕੁਝ ਪੰਗਤੀਆ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ੧ ॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ ੧ ॥ ਰਹਾਉ ॥-੫੧
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾਂ ਕੋਈ ਸਿਰੁ ਨਿਵਾਇ ॥ ੨ ॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥ ੩ ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੁ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ੪ ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ
ਕਾ ਤਿਨਿ ਭੇਦੁ ਜਾਤਾ ॥

(ਗੁਰੂ ਗ੍ਰੰਥ ਸਾਹਿਬ, ਪੰਨਾ-੮੮੫)

ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਵਰਤੀ ਗਈ ਸੰਕਲਪੀ ਸ਼ਬਦਾਵਲੀ ਇਕੋ ਵੇਲੇ ਦੋਹਾਂ ਪਰੰਪਰਾਵਾਂ ਨਾਲ ਸੰਬੰਧਿਤ ਹੈ। ਜੇ ਰਾਮ, ਗੁਸਈਆ, ਤੀਰਥ, ਬੇਦ ਅਤੇ ਸੁਰਗਿੰਦੂ ਸ਼ਬਦ ਹਿੰਦੂ-ਆਰੀਆਈ ਧਰਮ-ਸਭਿਆਚਾਰ ਦੇ ਵਿਰਸੇ ਵਲ ਸੰਕੇਤ ਕਰਦੇ ਹਨ ਤਾਂ ਖੁਦਾਇ, ਅਲਾਹਿ, ਹਜ, ਕਤੇਬ ਅਤੇ ਭਿਸਤ ਸ਼ਾਮੀ-ਇਸਲਾਮੀ ਧਰਮ, ਦਰਸ਼ਨ ਅਤੇ ਪਰਾਭੌਤਿਕ ਦੇ ਲਖਾਇਕ ਹਨ। ਇਸ ਤਰ੍ਹਾਂ ਦੀ ਸਾਂਝੀ ਮਿੱਸੀ ਸੰਕਲਪੀ ਸ਼ਬਦਾਵਲੀ ਭਿੰਨ ਭਿੰਨ ਪਰੰਪਰਾਵਾਂ ਵਿਚਕਾਰ ਸੰਵਾਦ ਅਤੇ ਸੁਮੇਲ ਦੇ ਮਾਹੌਲ ਵਿਚ ਹੀ ਵਰਤੀ ਜਾ ਸਕਦੀ ਹੈ।[vii] ਅਸਲ ਵਿਚ ਮੱਧਕਾਲੀਨ ਭਾਰਤ ਦੇ ਸੂਫ਼ੀਆਂ ਅਤੇ ਭਗਤਾਂ ਨੇ ਆਪਣੀ ਉਦਾਰ ਮਾਨਵਵਾਦੀ ਭਾਵਨਾ ਰਾਹੀਂ ਅਜਿਹਾ ਮਾਹੌਲ ਤਿਆਰ ਕਰ ਦਿੱਤਾ ਸੀ ਜਿਸ ਵਿਚ ਧਾਰਮਿਕ ਕੱਟੜਤਾ ਦਾ ਕੋਈ ਸਥਾਨ ਨਹੀਂ ਸੀ। ਗੁਰਮਤਿ ਕਾਵਿ ਇਸੇ ਕਿਸਮ ਦੀ ਉਦਾਰ ਮਾਨਵਵਾਦੀ ਭਾਵਨਾ ਦੀ ਸਰਬੋਤਮ ਮਿਸਾਲ ਪੇਸ਼ ਕਰਦਾ ਹੈ।

ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਆਖਿਆ ਜਾ ਸਕਦਾ ਹੈ ਕਿ ਭਾਵੇਂ ਗੁਰਬਾਣੀ ਦਾ ਪਾਠ ਤੋਂ ਪ੍ਰਵਚਨ ਆਪਣੇ ਵਿਸ਼ੇਸ਼ ਸਮਾਜਿਕ-ਇਤਿਹਾਸਕ ਪਰਿਪੇਖ ਨਾਲ ਸੰਬੰਧਿਤ ਹੋਣ ਕਾਰਣ ਮੌਲਿਕ ਚਰਿਤਰ ਦਾ ਧਾਰਣੀ ਹੈ ਪਰ ਇਸਦੀ ਕਾਵਿ ਸ਼ੈਲੀ ਅਤੇ ਇਸਦੀਆਂ ਰਚਨਾ-ਰੂੜ੍ਹੀਆਂ ਪ੍ਰਤੱਖ ਜਾਂ ਪਰੋਖ ਰੂਪ ਵਿਚ ਸਮਕਾਲੀ ਅਤੇ ਪੂਰਬਕਾਲੀ ਕਾਵਿ ਰੰਪਰਾਵਾਂ ਤੋਂ ਪ੍ਰਭਾਵਿਤ ਹਨ। ਖ਼ਾਸ ਤੌਰ ਤੇ ਇਸਦਾ ਮੱਧਕਾਲੀਨ ਭਾਰਤ ਦੀ ਸਿੱਧ ਨਾਥ-ਸੰਤ ਬਾਣੀ ਪਰੰਪਰਾ ਅਤੇ ਭਗਤੀ ਕਾਵਿ ਪਰੰਪਰਾ ਨਾਲ ਡੂੰਘਾ ਰਿਸ਼ਤਾ ਹੈ ਕਿਉਂਜੋ ਇਨ੍ਹਾਂ ਦੋਹਾਂ ਪਰੰਪਰਾਵਾਂ ਵਿਚ ਇਸਦੇ ਕਾਵਿ ਸੋਮਿਆਂ ਦੀ ਝਲਕ ਸਪਸ਼ਟ ਤੌਰ ਤੇ ਦੇਖੀ ਜਾ ਸਕਦੀ ਹੈ। ਸਾਹਿਤ-ਇਤਿਹਾਸ ਦੇ ਨਜ਼ਰੀਏ ਤੋਂ ਇਹ ਗੁਰਮਤਿ ਕਾਵਿ ਦੇ ਉਦਭਵ ਅਤੇ ਵਿਕਾਸ

ਦਾ ਅਹਿਸਾਸ ਜਗਾਉਣ ਵਾਲੀ ਸਥਿਤੀ ਹੈ।

ਹਵਾਲੇ

[i] ਪਰਮਵੀਰ ਸਿੰਘ, ਸਿੱਖ ਅਧਿਐਨ, ਗਰੇਸੀਅਸ ਬੁੱਕ ਸ਼ਾਪ, 2014, ਪੰਨਾ 228

[ii] ਸਰਬਜਿੰਦਰ ਸਿੰਘ , ਮਰਣੁ ਕਬੂਲਿ, Sikh Foundation, Delhi, 2004 & Oct. 2013, ਪੰਨਾ 13

[iii] ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ, ਚੰਡੀਗੜ੍ਹ, ਪੰਜਾਬ, 2019, ਪੰਨਾ 688

[iv] ਗੁਰਚਰਨ ਸਿੰਘ (ਸੰਪਾ.), ਸ੍ਰੀ ਗੁਰੂ ਗ੍ਰੰਥ ਕੋਸ਼, ਜਿਲਦ ਦੂਜੀ, ਤ ਤੋਂ ੜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

[v] ਕੁਲਦੀਪ ਸਿੰਘ ਧੀਰ, ਸਿੱਖ ਰਾਜ ਦੇ ਵੀਰ ਨਾਇਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 1

[vi] ਵਡਹੰਸ (ਮ.1), ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 558

[vii] ਬਲਬੀਰ ਸਿੰਘ ਦਿਲ, ਪੰਜਾਬੀ ਨਿਬੰਧ: ਸਰੂਪ ਸਿੱਧਾਂਤ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ 72